# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ : 35 ਤਹਿਤ ਸਥਾਪਿਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਜੋ ਵਿਦਿਆਰਥੀ ਆਪਣੀ ਡਿਗਰੀ ਰੀ-ਅਪੀਅਰ ਜਾਂ ਕਿਸੇ ਵਿਸ਼ੇ ਵਿਚੋਂ ਫੇਲ੍ਹ ਹੋਣ ਕਾਰਨ ਪੂਰੀ ਨਹੀ ਕਰ ਸਕੇ ਜਾਂ ਆਪਣੇ ਨੰਬਰਾਂ/ਡਵੀਜਨ ਵਿਚ ਸੋਧ ਕਰਨਾ ਚਾਹੁੰਦੇ ਹਨ ਅਤੇ ਸਾਰੇ ਮੌਕੇ/ਕੋਰਸ ਦੀ ਸਮਾਂ ਸੀਮਾਂ ਖਤਮ ਹੋ ਚੁੱਕੀ ਹੈ, ਨੂੰ ਇਕ ਸੁਨਹਿਰੀ ਮੌਕਾ/ਗੋਲਡਨ ਚਾਂਸ ਮਈ/ਜੂਨ 2024 ਲਈ ਦਿੱਤਾ ਜਾ ਰਿਹਾ ਹੈ।

**ਇਸ ਸੁਨਹਿਰੀ ਮੌਕਾ/ਗੋਲਡਨ ਚਾਂਸ ਲਈ ਸ਼ਰਤਾ :**

1 ਇਸ ਗੋਲਡਨ ਚਾਂਸ ਦੀ ਫੀਸ 53,000/- ਰੁਪਏ ਉੱਕਾ ਪੁੱਕਾ (50,000/-+3000/- (ਪ੍ਰੀਖਿਆ ਫੀਸ)ਹੋਵੇਗੀ।

2 ਗੋਲਡਨ ਚਾਂਸ ਲਈ ਵਿਦਿਆਰਥੀ ਇਕ ਕੋਰਸ ਦੇ ਵੱਧ ਤੋਂ ਵੱਧ 3 ਵਿਸਿਆ ਦੇ ਪੇਪਰ ਹੀ ਦੇ ਸਕੇਗਾ। ਇਹ ਤਿੰਨ ਪੇਪਰ ਕਿਸੇ ਕੋਰਸ ਦੇ ਵੱਖ ਵੱਖ ਸਮੈਸਟਰਾਂ/ਪਾਰਟਾਂ ਵਿਚੋਂ ਵੀ ਹੋ ਸਕਦੇ ਹਨ। ਇਕ ਕੋਰਸ ਦੇ ਤਿੰਨ ਵਿਸ਼ਿਆ ਲਈ ਗੋਲਡਨ ਚਾਂਸ ਦੀ ਫੀਸ ਕੇਵਲ 53,000/- ਰੁਪਏ ਉੱਕਾ ਪੁੱਕਾ ਹੀ ਹੋਵੇਗੀ, ਬੇਸ਼ੱਕ ਤਿੰਨੇ ਵਿਸ਼ੇ ਇਕ ਸਮੈਸਟਰ/ਪਾਰਟ ਜਾਂ ਵੱਖ ਵੱਖ ਸਮੈਸਟਰਾਂ/ਪਾਰਟਾਂ ਵਿਚੋਂ ਹੋਣ। ਪਰੰਤੂ ਹਰ ਸਮੈਸਟਰ ਦਾ ਪ੍ਰੀਖਿਆ ਫਾਰਮ ਵੱਖਰਾ-ਵੱਖਰਾ ਭਰਨਾ ਹੋਵੇਗਾ। ਕਿਸੇ ਵਿਸੇ ਦੇ ਏ,ਬੀ ਅਤੇ ਸੀ ਪਾਰਟ ਨੂੰ ਇਕ ਪੇਪਰ ਹੀ ਮੰਨਿਆ ਜਾਵੇਗਾ।

3 ਪੇਪਰ ਮੌਜੂਦਾ ਸਿਲੇਬਸ ਅਨੁਸਾਰ ਹੀ ਹੋਣਗੇ। ਜਿਹੜੇ ਸਾਲਾਨਾ ਪ੍ਰਣਾਲੀ ਵਾਲੇ ਵਿਦਿਆਰਥੀ ਗੋਲਡਨ ਚਾਂਸ ਲੈਣਾ ਚਾਹੁੰਦੇ ਹਨ, ਉਹਨਾਂ ਲਈ ਉਹ ਸਲੇਬਸ ਲਾਗੂ ਹੋਵੇਗਾ ਜਿਸ ਸਾਲ ਸਬੰਧਿਤ ਸਲਾਨਾ ਕੋਰਸ ਬੰਦ ਹੋਇਆ ਹੈ।

4 ਇਹ ਗੋਲਡਨ ਚਾਂਸ ਕੇਵਲ ਉਹਨਾਂ ਵਿਦਿਆਰਥੀਆਂ ਲਈ ਹੀ ਉਪਲੱਬਧ ਹੋਵੇਗਾ ਜਿਹਨਾਂ ਵਿਦਿਆਰਥੀਆਂ ਦੇ ਸਾਰੇ ਵਿਸੇਸ਼ ਮੌਕੇ ਖਤਮ ਹੋ ਚੁੱਕੇ ਹਨ ਅਤੇ ਕੋਰਸ ਦੀ ਸਮਾਂ ਸੀਮਾਂ ਵੀ ਖਤਮ ਹੋ ਚੁੱਕੀ ਹੈ।

5 ਇਹਨਾਂ ਇਮਤਿਹਾਨਾਂ ਲਈ ਪ੍ਰੀਖਿਆ ਕੇਂਦਰ ਪਟਿਆਲਾ ਵਿਖੇ ਹੀ ਹੋਵੇਗਾ।

6 ਇਹ ਚਾਂਸ ਕੇਵਲ ਥਿਊਰੀ ਕਲਾਸਾਂ ਦੇ ਵਿਸ਼ਿਆਂ ਲਈ ਹੀ ਉਪਲੱਬਧ ਹੋਵੇਗਾ। ਜਿਨ੍ਹਾਂ ਵਿਸਿਆ ਦੀ ਪ੍ਰੈਕਟੀਕਲ ਪ੍ਰੀਖਿਆ ਹੋਵੇਗੀ ਉਹਨਾਂ ਲਈ ਇਹ ਮੌਕਾ ਉਪਲੱਬਧ ਨਹੀਂ ਹੋਵੇਗਾ। ਇੰਟਰਨਲ ਪ੍ਰੀਖਿਆਵਾਂ ਵਿਚੋਂ ਫੇਲ ਵਿਦਿਆਰਥੀਆਂ ਲਈ ਇਹ ਮੌਕਾ ਉਪਲੱਬਧ ਨਹੀਂ ਹੋਵੇਗਾ।

7 ਇਹ ਚਾਂਸ ਐਮ ਫਿਲ/ਪੀਐਚਡੀ ਦੇ ਕੋਰਸ ਵਰਕ ਦੀਆਂ Qualifying ਪ੍ਰੀਖਿਆਵਾਂ ਲਈ ਨ੍ਹਹੀਂ ਹੋਵੇਗਾ।

8 ਪ੍ਰੀਖਿਆ ਫਾਰਮ ਆਨ ਲਾਈਨ ਭਰਨਾ ਹੋਵੇਗਾ, ਜੋ ਕਿ ਯੂਨੀਵਰਸਿਟੀ ਵੈਬਸਾਈਟ https://pupexamination.ac.in ਤੇ 1 ਜੁਲਾਈ 2024 ਤੋਂ ਉਪਲਬਧ ਹੋਵੇਗਾ।

9 ਫਾਰਮ ਭਰਨ ਦੀ ਆਖ਼ਰੀ ਤਾਰੀਖ਼ 18 ਜੁਲਾਈ 2024 ਹੋਵੇਗੀ। ਇਸ ਉਪਰੰਤ 19 ਜੁਲਾਈ ਤੋਂ 25 ਜੁਲਾਈ 2024 ਤੱਕ ਫਾਰਮ 5000/-ਰੁਪਏ ਲੇਟ ਫੀਸ ਨਾਲ ਭਰੇ ਜਾ ਸਕਦੇ ਹਨ।

10 ਇਕ ਵਾਰ ਭਰੀ ਹੋਈ ਫੀਸ ਰਿਫੰਡ ਨਹੀਂ ਹੋਵੇਗੀ।

11 ਪੇਪਰ ਕਰਵਾਉਣ ਜਾਂ ਨਾ ਕਰਵਾਉਣ ਦਾ ਅੰਤਿਮ ਫੈਸਲਾ ਯੂਨੀਵਰਸਿਟੀ ਪਾਸ ਸੁਰੱਖਿਅਤ ਹੋਵੇਗਾ।

ਕਿਸੇ ਕਿਸਮ ਦੀ ਔਕੜ ਆਉਣ ਜਾਂ ਕਿਸੇ ਹੋਰ ਜਾਣਕਾਰੀ ਲਈ ਸੁਪਰਡੈਂਟ ਸ੍ਰੀ ਸਾਹਿਬ ਸਿੰਘ (97790-86715) ਅਤੇ ਜੀਏ ਪ੍ਰੀਖਿਆਵਾਂ ਸ੍ਰੀ ਭੁਪਿੰਦਰ ਸਿੰਘ ਢਿਲੋਂ (98141-26833)ਨਾਲ ਸੰਪਰਕ ਕੀਤਾ ਜਾ ਸਕਦਾ ਹੈ।

Vishal Goyal 27/06/2024

ਕੰਟਰੋਲਰ (ਪ੍ਰੀਖਿਆਵਾਂ)

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਿਆਰਥੀ ਜੋ ਆਪਣੀ ਡਿਗਰੀ Environmental and Road Safety Awareness (EVS)/Drug Abuse: Problem,Management and Prevention ਦਾ ਕੁਆਲੀਫਾਇੰਗ ਪੇਪਰ ਪਾਸ ਨਾ ਹੋਣ ਕਾਰਨ ਪੂਰੀ ਨਹੀਂ ਕਰ ਸਕੇ, ਨੂੰ ਇਕ ਸੁਨਹਿਰੀ ਮੌਕਾ/ਗੋਲਡਨ ਚਾਂਸ ਮਈ/ਜੂਨ 2024 ਲਈ ਦਿੱਤਾ ਜਾ ਰਿਹਾ ਹੈ।

1 EVS/Drug Abuse ਦੇ ਗੋਲਡਨ ਚਾਂਸ ਦੀ ਫੀਸ 5,000/- ਰੁਪਏ ਉੱਕਾ ਪੁੱਕਾ (ਪ੍ਰੀਖਿਆ ਫੀਸ/ ਪ੍ਰੀਖਿਆ ਫਾਰਮ ਫੀਸ ਸਮੇਤ) ਹੋਵੇਗੀ।

2 ਜੋ ਵਿਦਿਆਰਥੀ ਇਹਨਾਂ ਦੋਵਾਂ ਵਿਸ਼ਿਆਂ ਦੀ ਪ੍ਰੀਖਿਆ ਦੇਣੀ ਚਾਹੁੰਦੇ ਹਨ, ਉਹਨਾਂ ਲਈ ਗੋਲਡਨ ਚਾਂਸ ਦੀ ਫੀਸ 5,000- ਰੁਪਏ (ਵੱਖਰੀ ਵੱਖਰੀ) ਲੱਗੇਗੀ।

3 ਇਹ ਮੌਕਾ ਕੇਵਲ ਉਹਨਾਂ ਵਿਦਿਆਰਥੀਆਂ ਲਈ ਉਪਲੱਬਧ ਹੋਵੇਗਾ ਜਿਨ੍ਹਾਂ ਦੇ ਸਾਰੇ ਮੌਕੇ ਖਤਮ ਹੋ ਚੁਕੇ ਹਨ।

4 ਪੇਪਰ ਮੌਜੂਦਾ ਸਿਲੇਬਸ ਅਨੁਸਾਰ ਹੋਣਗੇ ਅਤੇ ਪੂਰਾ ਪੇਪਰ ਥਿਊਰੀ ਪ੍ਰੀਖਿਆ ਦਾ ਹੋਵੇਗਾ।

5 ਇਹਨਾਂ ਇਮਤਿਹਾਨਾਂ ਲਈ ਪ੍ਰੀਖਿਆ ਕੇਂਦਰ ਪਟਿਆਲਾ ਵਿਖੇ ਹੀ ਹੋਵੇਗਾ।

6 ਪ੍ਰੀਖਿਆ ਫਾਰਮ ਆਨ ਲਾਈਨ ਭਰਨਾ ਹੋਵੇਗਾ, ਜੋ ਕਿ ਯੂਨੀਵਰਸਿਟੀ ਵੈਬਸਾਈਟ https://pupexamination.ac.in ਤੇ 1 ਜੁਲਾਈ 2024 ਤੋਂ ਉਪਲਬਧ ਹੋਵੇਗਾ।

7 ਫਾਰਮ ਭਰਨ ਦੀ ਆਖ਼ਰੀ ਤਾਰੀਖ਼ 18 ਜੁਲਾਈ 2024 ਹੋਵੇਗੀ। ਇਸ ਉਪਰੰਤ 19 ਜੁਲਾਈ ਤੋਂ 25 ਜੁਲਾਈ 2024 ਤੱਕ ਫਾਰਮ 5000/-ਰੁਪਏ ਲੇਟ ਫੀਸ ਨਾਲ ਭਰੇ ਜਾ ਸਕਦੇ ਹਨ।

8 ਇਕ ਵਾਰ ਭਰੀ ਹੋਈ ਫੀਸ ਰਿਫੰਡ ਨਹੀਂ ਹੋਵੇਗੀ ।

9 ਪੇਪਰ ਕਰਵਾਉਣ ਜਾਂ ਨਾ ਕਰਵਾਉਣ ਦਾ ਅੰਤਿਮ ਫੈਸਲਾ ਯੂਨੀਵਰਸਿਟੀ ਪਾਸ ਸੁਰੱਖਿਅਤ ਹੋਵੇਗਾ।

ਕਿਸੇ ਕਿਸਮ ਦੀ ਔਕੜ ਆਉਣ ਜਾਂ ਕਿਸੇ ਹੋਰ ਜਾਣਕਾਰੀ ਲਈ ਸੁਪਰਡੈਂਟ ਸ੍ਰੀ ਸਾਹਿਬ ਸਿੰਘ (97790-86715) ਅਤੇ ਜੀਏ ਪ੍ਰੀਖਿਆਵਾਂ ਸ੍ਰੀ ਭੁਪਿੰਦਰ ਸਿੰਘ ਢਿਲੋਂ (98141-26833)ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਕੰਟਰੋਲਰ (ਪ੍ਰੀਖਿਆਵਾਂ)